HSE

Health and Safety Executive

# ਸੁਰੱਖਿਆ ਬਾਰੇ ਚੇਤਾਵਨੀ

## ਪਿਘਲਣ ਵਾਲੇ ਧਾਤ ਤੋਂ ਧਮਾਕੇ

## ਪਾਣੀ ਦੇ ਗੰਦੇ ਹੋਣ ਕਰ ਕੇ ਪਿਘਲੀ ਧਾਤ ਦੇ ਧਮਾਕੇ ਦਾ ਖ਼ਤਰਾ

### 1 ਕੋਣ ਪ੍ਰਭਾਵਿਤ ਹੁੰਦਾ ਹੈ?

ਇਹ ਸੁਰੱਖਿਆ ਦੀ ਚੇਤਾਵਨੀ ਉਨ੍ਹਾਂ ਫ਼ਰਮਾਂ ਦੇ ਧਿਆਨ ਲਈ ਹੈ ਜੋ ਪਿਘਲੇ ਧਾਤ ਦੇ ਨਾਲ ਕੰਮ ਕਰਦੇ ਹਨ, ਅਤੇ ਜੋ ਇਕ ਕਰਮਚਾਰੀ ਦੀ ਪਿਘਲੀ ਧਾਤ ਤੋਂ ਜਲਣ ਮੌਤ ਕਰ ਕੇ ਹੋਈ ਮੌਤ ਬਾਰੇ ਜਾਂਚ-ਪੜਤਾਲ ਤੋਂ ਬਾਅਦ ਐਚ.ਐਮ. ਦੇ ਕੋਰੋਨਰ (HM Coroner) ਦੇ ਨਾਲ ਗੱਲਬਾਤ ਤੋਂ ਬਾਅਦ ਐਚ.ਐਸ.ਈ. (HSE) ਰਾਹੀਂ ਜਾਰੀ ਕੀਤੀ ਜਾ ਰਹੀ ਹੈ।

### 2 ਖ਼ਤਰਾ ਕੀ ਹੈ?

ਇਕ  24 ਸਾਲ ਦਾ ਪੋਲਿਸ਼ ਕਰਮਚਾਰੀ ਸਰੀਰ ਦੀਆਂ ਸਾਰੀਆਂ ਦੇ ਕੰਮ ਨਾ ਕਰ ਪਾਣ ਕਾਰਣ ਮੌਤ ਹੋਈ ਜਦੋਂ ਇਕ ਪਿਘਲੀ ਧਾਤ ਦੇ ਧਮਾਕੇ ਕਰ ਕੇ ਉਹ 80% ਜਲ ਗਿਆ ਜੋ ਧਮਾਕਾ ਉਸ ਭੱਠੀ ਵਿੱਚ ਹੋਇਆ ਜਿਥੇ ਫ਼ੈਰੋ-ਟਿਟੈਨਿਅਮ (ਇਕ ਧਾਤ ferro-titanium) ਪਿਘਲਾਈ ਜਾ ਰਹੀ ਸੀ। ਕਿਸੇ ਵੀ ਪਿਘਲਾਈ ਜਾਣ ਵਾਲੀ ਧਾਤ ਦਾ ਗੰਦਾ ਪਾਣੀ ਇਹੋ ਜਿਹੇ ਧਮਾਕਿਆਂ ਦਾ ਕਾਰਣ ਬਣ ਸਕਦਾ ਹੈ।

### 3 ਖ਼ਤਰਾ ਕਦੋਂ ਪੈਦਾ ਹੋ ਸਕਦਾ ਹੈ?

ਇਸ ਤਰ੍ਹਾਂ ਦੇ ਪਿਘਲੀ ਧਾਤ ਦੇ ਧਮਾਕੇ ਮੰਨੇ ਹੋਏ ਖ਼ਤਰੇ ਹਨ। ਜਾਂਚ-ਪੜਤਾਲ ਕਰ ਰਹੀ ਜਯੂਰੀ ਨੇ ਇਸ ਵੇਲੇ ਪਾਇਆ ਹੈ ਕਿ ਸ਼ਾਇਦ ਧਮਾਕਾ ਉਸ ਪਾਣੀ ਕਰ ਕੇ ਹੋਇਆ ਜੋ ਭੱਠੀ ਦੇ ਅੰਦਰ ਸੀ ਜਿਸ ਕਰ ਕੇ ਗੰਦਾ ਕੂੜਾ ਡ੍ਰਮ ਵਿੱਚ ਇਕੱਠਾ ਹੋ ਗਿਆ ਸੀ। ਸਾਰੀਆਂ ਉਚਿਤ ਕਾਰਵਾਈਆਂ ਨਹੀਂ ਕੀਤੀਆਂ ਗਈਆਂ ਸਨ ਕਿ ਜਿਸ ਨਾਲ ਇਸ ਗੱਲ ਨੂੰ ਨਿਸ਼ਚਿਤ ਕੀਤਾ ਜਾ ਸਕਿਆ ਗਿਆ ਹੋਵੇ ਕਿ ਪਾਣੀ, ਜਾਂ ਉਹ ਕੂੜਾ ਜੋ ਧਮਾਕਾ ਕਰਣ ਦਾ ਕਾਰਣ ਹੋਵੇ, ਭੱਠੀ ਦੇ ਅੰਦਰ ਨਾ ਜਾ ਸਕੇ, ਖ਼ਾਸ ਕਰ ਕੇ ਹੇਠ ਲਿਖੇ ਗਏ:

- ਡ੍ਰਮਾਂ ਵਿੱਚ ਮੋਰੀਆਂ ਨਹੀਂ ਕੀਤੀਆਂ ਗਈਆਂ ਹੋਣ ਜਿਸ ਨਾਲ ਤਰਲ ਪਦਾਰਥ ਰਿਸ ਸਕੇ
- ਗੰਦਗੀ ਨੂੰ ਦੇਖ ਕੇ ਜਾਂਚ ਕਰਣ ਦੇ ਕਦਮ ਅਸਰਕਾਰਕ ਨਹੀਂ ਸਨ
- ਕੋਈ ਵੀ ਲਿਖਤ ਕੰਮ ਕਰਣ ਦੀਆਂ ਪੱਧਤੀਆਂ ਨਹੀਂ ਸਨ

ਇਹਦੇ ਨਾਲ, ਮਰਣ ਵਾਲੇ ਨੇ ਪਿਘਲੇ ਹੋਏ ਪਦਾਰਥ ਤੋਂ ਬਚਾਅ ਲਈ ਉਚਿਤ ਉਪਕਰਣ ਨਹੀਂ ਪਾਏ ਹੋਏ ਸਨ (PPE) ਜਿਸ ਬਾਰੇ ਜਾਂਚ-ਪੜਤਾਲ ਕਰ ਰਹੀ ਜਯੂਰੀ ਇਸ ਫ਼ੈਸਲੇ 'ਤੇ ਪਹੁੰਚੀ ਹੈ ਕਿ, ਇਹਦੇ ਕਰ ਕੇ ਹੀ ਉਹਦੇ ਬਚਣ ਦੇ ਮੌਕੇ ਘੱਟ ਸਨ। ਕਈ ਗਵਾਹਾਂ ਨੇ ਇਹ ਕਿਹਾ ਹੈ ਕਿ ਉਹ, ਅਤੇ ਦੂਜੇ, ਪੂਰੇ  PPE (ਬਚਾਅ ਲਈ ਉਪਕਰਣ) ਨਹੀਂ ਪਾਂਦੇ ਹਨ ਜੋ ਉਨ੍ਹਾਂ ਨੂੰ ਭੱਠੀ ਨੇੜੇ ਕੰਮ ਕਰਣ ਲਈ ਦਿੱਤੇ ਗਏ ਹਨ।

## 4 ਸਿਫ਼ਾਰਿਸ਼ ਕੀਤੀ ਗਈ ਕਾਰਵਾਈ

ਨੌਕਰੀ ਦੇਣ ਵਾਲੇ ਮਾਲਕਾਂ ਨੂੰ ਆਪਣੇ ਹੀ ਇੰਤਜ਼ਾਮਾਂ ਬਾਰੇ ਮੁੜ ਵਿਚਾਰ ਕਰਣਾ ਚਾਹੀਦਾ ਹੈ ਜਿਸ ਨਾਲ ਹੇਠ ਲਿਖਿਆਂ ਨੂੰ ਨਿਸ਼ਚਿਤ ਕੀਤਾ ਜਾ ਸਕੇ:

- ਉਚਿਤ ਕੰਮ ਕਰਣ ਦੇ ਅਭਿਆਸ ਤਿਆਰ ਕੀਤੇ ਗਏ ਹਨ ਅਤੇ ਇਨ੍ਹਾਂ ਦੀ ਪਾਲਨਾ ਕਰਣ ਲਈ ਨਿਗਰਾਨੀ ਕਾਫ਼ੀ ਹੈ ਜਿਸ ਵਿੱਚ ਸ਼ਾਮਲ ਹੈ ਭੱਠੀ ਵਿੱਚ ਦਾਖਲ ਹੋਣ ਤੋਂ ਪਾਣੀ ਜਾਂ ਦੂਜੇ ਤਰਲ ਪਦਾਰਥਾਂ ਦੀ ਰੋਕਥਾਮ
- ਕਰਮਚਾਰੀਆਂ ਨੂੰ ਪਿਘਲੇ ਹੋਏ ਪਦਾਰਥਾਂ ਨਾਲ ਕੰਮ ਕਰਣ, ਭੱਠੀ ਵਿੱਚ ਗੰਦਗੀ ਦੇ ਦਾਖਲ ਹੋਣ ਦੇ ਖ਼ਤਰੇ, ਅਤੇ ਕੰਮ ਕਰਣ ਦੇ ਸੁਰੱਖਿਅਤ ਅਭਿਆਸਾਂ ਦਾ ਪਾਲਨ ਕਰਣ ਜਿਸ ਵਿੱਚ ਸ਼ਾਮਲ ਹੈ ਸੁਰੱਖਿਅਤ ਉਪਕਰਣ ਪਾਣ (PPE) ਬਾਰੇ ਉਚਿਤ ਜਾਣਕਾਰੀ, ਹਿਦਾਇਤਾਂ ਅਤੇ ਸਿਖਲਾਈ ਦਿੱਤੀਆਂ ਜਾਣ ਜਾਵੇ
- ਬਚਾਅ ਵਾਲੇ ਉਪਕਰਣ (PPE) ਜਿਸ ਵਿੱਚ ਸ਼ਾਮਲ ਹੈ ਉਹ ਕਪੜੇ ਜੋ ਪਿਘਲਣ ਵਾਲੇ ਪਦਾਰਥਾਂ ਵਾਲੇ ਮਾਹੌਲ ਵਿੱਚ ਵਰਤੇ ਜਾਣ ਲਈ ਉਚਿਤ ਹੋਣ ਉਨ੍ਹਾਂ ਨੂੰ ਪੇਸ਼ ਕੀਤਾ ਜਾਵੇ ਅਤੇ ਵਰਤਿਆ ਜਾਵੇ

ਕਰਮਚਾਰੀਆਂ ਨੂੰ ਹੇਠ ਲਿਖੇ ਕਰਨੇ ਚਾਹੀਦੇ ਹਨ:

- ਕੰਮ ਕਰਣ ਬਾਰੇ ਸੁਰੱਖਿਅਤ ਅਭਿਆਸਾਂ ਦਾ ਪਾਲਨ ਕਰਣ ਅਤੇ PPE ਬਾਰੇ ਸਹੀ ਵਰਤਣ ਲਈ ਆਪਣੇ ਨੌਕਰੀ-ਮਾਲਕਾਂ ਨਾਲ ਸਹਿਯੋਗ ਕਰਨਾ ਚਾਹੀਦਾ ਹੈ

## 5 ਅਗਾਹਾਂ ਦੀ ਰਹਿਨੁਮਾਈ

- **ਪਿਘਲੇ ਜਾਣ ਵਾਲੇ ਪਦਾਰਥ ਤੋਂ ਬਚਾਅ ਲਈ ਕਪੜਿਆਂ ਦੀ ਚੋਣ, ਵਰਤਣ ਅਤੇ ਰੱਖ-ਰਖਾਵ (HSE ਦੀ** ਪੁਸਤਕ**) (ISBN 978 0 7176 1162 1) (ਕੀਮਤ £8.50)**[1]
- **ਪਿਘਲੇ ਜਾਣ ਵਾਲੇ ਪਦਾਰਥ ਦੀ ਸੱਨਤ ਲਈ ਸਿਹਤ ਅਤੇ ਸੁਰੱਖਿਆ ਬਾਰੇ ਵਧ ਸਲਾਹ**[2]

**ਦੂਜੀਆਂ ਭਾਸ਼ਾਵਾਂ**